| | |
|---|---|
| ਫੋਲੀਓ ਨੰਬਰ | |
| ਐਕਸੈਸ ਕੋਡ | |
| ਪ੍ਰਾਪਰਟੀ ਦਾ ਪਤਾ | |
| ਕਾਨੂੰਨੀ ਵਰਣਨ | |

# ਵਿਕਾਸ ਸਮਰੱਥਾ ਰਾਹਤ ਪ੍ਰੋਗਰਾਮ (DEVELOPMENT POTENTIAL RELIEF PROGRAM): ਮਹੱਤਵਪੂਰਨ ਜਾਣਕਾਰੀ

**ਮਹੱਤਵਪੂਰਨ ਆਖਰੀ ਤਾਰੀਖ: ਆਪਣਾ 2026 ਵਿਕਾਸ ਸਮਰੱਥਾ ਟੈਕਸ ਰਾਹਤ ਐਲਾਨ (Development Potential Tax Relief Declaration) ਸ਼ਨੀਵਾਰ, 28 ਫਰਵਰੀ 2026 ਨੂੰ ਰਾਤ 11:59 ਵਜੇ ਤੱਕ ਸਿਟੀ ਕੋਲ ਜਮ੍ਹਾਂ ਕਰੋ।**

ਪਾਇਲਟ ਵਿਕਾਸ ਸਮਰੱਥਾ ਰਾਹਤ ਪ੍ਰੋਗਰਾਮ (Development Potential Relief Program ਜਾਂ DPRP) ਯੋਗ ਹਲਕੇ ਉਦਯੋਗ (ਕਲਾਸ 5) ਅਤੇ ਕਾਰੋਬਾਰ ਅਤੇ ਹੋਰ (ਕਲਾਸ 6) ਪ੍ਰਾਪਰਟੀਆਂ ਲਈ ਟੈਕਸ ਰਾਹਤ ਮੁਹੱਈਆ ਕਰਦਾ ਹੈ। ਸੂਬਾਈ ਕਾਨੂੰਨ ਦੁਆਰਾ ਸਮਰਥਿਤ, ਪ੍ਰੋਗਰਾਮ ਦਾ ਟੀਚਾ ਉਹਨਾਂ ਸੁਤੰਤਰ ਕਾਰੋਬਾਰਾਂ ਅਤੇ ਭਾਈਚਾਰਕ ਭਾਈਵਾਲਾਂ ਦੀ ਮਦਦ ਕਰਨਾ ਹੈ ਜੋ ਵਿਕਾਸ ਦੀ ਸੰਭਾਵਨਾ ਦੇ ਕਾਰਨ ਗੈਰ-ਅਨੁਪਾਤਕ ਤੌਰ 'ਤੇ ਉੱਚੇ ਟੈਕਸ ਅਦਾ ਕਰ ਰਹੇ ਹਨ।

2026 ਪਾਇਲਟ DPRP ਦੇ ਤਹਿਤ ਟੈਕਸ ਰਾਹਤ ਲਈ ਵਿਚਾਰ ਕੀਤੇ ਜਾਣ ਵਾਸਤੇ, ਯੋਗ ਪ੍ਰਾਪਰਟੀਆਂ ਦੇ ਮਾਲਕਾਂ (ਜਾਂ ਅਧਿਕਾਰਤ ਏਜੰਟਾਂ) ਨੂੰ **ਸ਼ਨੀਵਾਰ, 28 ਫਰਵਰੀ, 2026 ਨੂੰ ਰਾਤ 11:59 ਵਜੇ ਤੱਕ ਇੱਕ ਐਲਾਨ ਜਮ੍ਹਾਂ ਕਰਨ** ਦੀ ਲੋੜ ਹੈ।

ਉੱਪਰ ਸੂਚੀਬੱਧ ਪ੍ਰਾਪਰਟੀ ਨੂੰ 2026 ਪਾਇਲਟ DPRP ਦੇ ਤਹਿਤ, ਐਲਾਨ ਦੇ ਅਧੀਨ, ਵਿਚਾਰੇ ਜਾਣ ਲਈ ਯੋਗ ਹੋਣ ਵਜੋਂ ਪਛਾਣਿਆ ਗਿਆ ਹੈ। ਨੋਟ ਕਰੋ ਕਿ ਐਲਾਨ ਪੂਰੇ ਫੋਲੀਓ 'ਤੇ ਲਾਗੂ ਹੁੰਦਾ ਹੈ, ਜਿਸ ਵਿੱਚ ਸੰਭਾਵੀ ਤੌਰ 'ਤੇ ਇੱਕ ਤੋਂ ਵੱਧ ਪਤੇ ਸ਼ਾਮਲ ਹੋ ਸਕਦੇ ਹਨ। ਕਿਰਪਾ ਕਰਕੇ ਇਸ ਪੰਨੇ ਦੇ ਸਿਖਰ 'ਤੇ ਜਾਣਕਾਰੀ ਦੀ ਵਰਤੋਂ ਕਰਦੇ ਹੋਏ ਹੇਠਾਂ ਦਿੱਤੇ ਤਰੀਕਿਆਂ ਵਿੱਚੋਂ ਇੱਕ ਦੁਆਰਾ ਲੋੜੀਂਦਾ ਐਲਾਨ ਪੂਰਾ ਕਰੋ:

1. vancouver.ca/taxrelief 'ਤੇ ਔਨਲਾਈਨ ਈ-ਐਲਾਨ ਜਮ੍ਹਾਂ ਕਰਨਾ (**ਸਿਫ਼ਾਰਸ਼ ਕੀਤਾ ਜਾਂਦਾ ਹੈ**)
2. 3-1-1 'ਤੇ ਕਾਲ ਕਰੋ
3. ਸਿਟੀ ਹਾਲ ਵਿਖੇ ਛੱਡੋ ਜਾਂ ਡਾਕ ਰਾਹੀਂ ਭੇਜੋ
   Attn: Property Taxes–DPRP 453 West 12th Avenue, Vancouver BC, V5Y 1V4

ਪੂਰਾ ਕੀਤਾ ਗਿਆ ਐਲਾਨ ਜਮ੍ਹਾਂ ਕਰਨਾ ਅਤੇ **ਸ਼ਨੀਵਾਰ, 28 ਫਰਵਰੀ, 2026** ਨੂੰ ਰਾਤ 11:59 ਵਜੇ ਤੱਕ ਸਿਟੀ ਨੂੰ **ਪ੍ਰਾਪਤ ਹੋਣਾ** ਲਾਜ਼ਮੀ ਹੈ। ***ਕਿਰਪਾ ਕਰਕੇ ਨੋਟ ਕਰੋ ਕਿ ਹਰੇਕ ਫੋਲੀਓ ਲਈ ਸਿਰਫ਼ ਇੱਕ ਐਲਾਨ ਦੀ ਲੋੜ ਹੈ।***

ਕਾਉਂਸਿਲ ਨੇ ਮਾਰਚ 2026 ਵਿੱਚ ਟੀਚਾਬੱਧ ਜ਼ਮੀਨ ਦੇ ਮੁਲਾਂਕਣ ਦਾ ਔਸਤ ਕੱਢਣਾ ਪ੍ਰੋਗਰਾਮ (Targeted Land Assessment Averaging Program) ਦੇ ਨਾਲ, 2026 ਪਾਇਲਟ DPRP 'ਤੇ ਵਿਚਾਰ ਕਰਨਾ ਹੈ। ਧਿਆਨ ਦਿਓ ਕਿ ਜੋ ਪ੍ਰਾਪਰਟੀ ਮਾਲਕ vancouver.ca/taxrelief 'ਤੇ ਜਾਂ 3-1-1 ਦੇ ਮਾਧਿਅਮ ਨਾਲ ਔਨਲਾਈਨ ਫਾਰਮ ਭਰਦੇ ਹਨ, ਉਨ੍ਹਾਂ ਨੂੰ ਨੱਥੀ ਫਾਰਮ ਡਾਕ ਰਾਹੀਂ ਜਮ੍ਹਾਂ ਕਰਨ ਦੀ ਲੋੜ ਨਹੀਂ ਹੈ।

**ਵਧੇਰੇ ਜਾਣਕਾਰੀ ਲਈ:** 3-1-1 'ਤੇ ਕਾਲ ਕਰੋ (ਦੁਭਾਸ਼ੀਆ ਸੇਵਾ ਉਪਲਬਧ ਹੈ) ਜਾਂ vancouver.ca/taxrelief 'ਤੇ ਜਾਓ